# Prime Minister’s meeting with Prime Minister of Finland

May 04, 2022

# ਪ੍ਰਧਾਨ ਮੰਤਰੀ ਨੇ ਫਿਨਲੈਂਡ ਦੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕੀਤੀ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਦੂਸਰੀ ਭਾਰਤ-ਨੌਰਡਿਕ ਸਮਿਟ ਦੇ ਮੌਕੇ 'ਤੇ ਕੋਪੇਨਹੈਗਨ ਵਿੱਚ ਫਿਨਲੈਂਡ ਦੀ ਪ੍ਰਧਾਨ ਮੰਤਰੀ ਮਹਾਮਹਿਮ ਸੁਸ੍ਰੀ ਸਨਾ ਮਾਰਿਨ ਨਾਲ, ਮੁਲਾਕਾਤ ਕੀਤੀ। ਦੋਹਾਂ ਲੀਡਰਾਂ ਦਰਮਿਆਨ ਇਹ ਪਹਿਲੀ ਵਿਅਕਤੀਗਤ ਮੁਲਾਕਾਤ ਸੀ।

ਦੋਵਾਂ ਧਿਰਾਂ ਨੇ 16 ਮਾਰਚ, 2021 ਨੂੰ ਹੋਈ ਦੁਵੱਲੀ ਵਰਚੁਅਲ ਸਮਿਟ ਦੇ ਨਤੀਜਿਆਂ ਨੂੰ ਲਾਗੂ ਕਰਨ ਵਿੱਚ ਹੋਈ ਪ੍ਰਗਤੀ 'ਤੇ ਤਸੱਲੀ ਪ੍ਰਗਟਾਈ।

ਦੋਵਾਂ ਨੇਤਾਵਾਂ ਨੇ ਨੋਟ ਕੀਤਾ ਕਿ ਸਥਿਰਤਾ, ਡਿਜੀਟਲਾਈਜ਼ੇਸ਼ਨ ਅਤੇ ਵਿਗਿਆਨ ਅਤੇ ਸਿੱਖਿਆ ਵਿੱਚ ਸਹਿਯੋਗ ਜਹਿ ਖੇਤਰ ਦੁਵੱਲੀ ਭਾਈਵਾਲੀ ਦੇ ਮਹੱਤਵਪੂਰਨ ਥੰਮ੍ਹ ਹਨ। ਉਨ੍ਹਾਂ ਆਰਟੀਫੀਸ਼ਲ ਇੰਟੈਲੀਜੈਂਸ (ਏਆਈ), ਕੁਆਂਟਮ ਕੰਪਿਉਟਿੰਗ, ਭਵਿੱਖ ਦੀਆਂ ਮੋਬਾਈਲ ਟੈਕਨੋਲੋਜੀਆਂ, ਕਲੀਨ ਟੈਕਨੋਲੋਜੀਆਂ ਅਤੇ ਸਮਾਰਟ ਗ੍ਰਿਡ ਜਹਿਿਆਂ ਨਵੀਆਂ ਅਤੇ ਉੱਭਰ ਰਹੀਆਂ ਟੈਕਨੋਲੋਜੀਆਂ ਦੇ ਖੇਤਰਾਂ ਵਿੱਚ ਸਹਯੋਗ ਵਧਾਉਣ ਦੇ ਮੌਕਿਆਂ ਬਾਰੇ ਚਰਚਾ ਕੀਤੀ।

ਪ੍ਰਧਾਨ ਮੰਤਰੀ ਨੇ ਫਿਨਲੈਂਡ ਦੀਆਂ ਕੰਪਨੀਆਂ ਨੂੰ ਭਾਰਤੀ ਕੰਪਨੀਆਂ ਦੇ ਨਾਲ ਭਾਈਵਾਲੀ ਕਰਨ ਅਤੇ ਭਾਰਤੀ ਬਜ਼ਾਰ ਦੁਆਰਾ, ਖ਼ਾਸ ਕਰਕੇ ਦੂਰਸੰਚਾਰ ਬੁਨਿਆਦੀ ਢਾਂਚੇ ਅਤੇ ਡਜਿੀਟਲ ਟਰਾਂਸਫ੍ਰਾਮੇਸ਼ਨਾਂ ਵਿੱਚ ਪੇਸ਼ ਕੀਤੇ ਗਏ ਅਥਾਹ ਮੌਕਿਆਂ ਦਾ ਫਾਇਦਾ ਉਠਾਉਣ ਦਾ ਸੱਦਾ ਦਿੱਤਾ।

ਰੀਜਨਲ ਅਤੇ ਗਲੋਬਲ ਘਟਨਾਵਾਂ, ਅਤੇ ਅੰਤਰਰਾਸ਼ਟਰੀ ਸੰਗਠਨਾਂ ਵਿੱਚ ਵਧੇਰੇ ਸਹਯੋਗ 'ਤੇ ਵੀ ਚਰਚਾ ਹੋਈ।

**ਕੋਪਨਹੇਗਨ**

**03 ਮਈ, 2022**

DISCLAIMER: This is an approximate translation. The original is available in English on MEA’s website and may be referred to as the official press release.